# 2026-27 ਸਾਉਣੀ ਮੰਡੀਕਰਨ ਮੌਸਮ ਲਈ ਝੋਨੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 2,162 ਰੁਪਏ ਪ੍ਰਤੀ ਕੁਇੰਟਲ

ਖੇਤੀਬਾੜੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਨੇ 2026-27 ਸਾਉਣੀ ਮੰਡੀਕਰਨ ਮੌਸਮ ਲਈ ਭਾਰਤ ਦੀਆਂ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅਨੁਮਾਨ ਲਗਾਇਆ ਹੈ। ਇਨ੍ਹਾਂ ਲਾਗਤਾਂ ਦੇ ਆਧਾਰ 'ਤੇ, ਸੀ ਏ ਸੀ ਪੀ ਨੇ ਸਾਉਣੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਸਿਫ਼ਾਰਸ਼ ਕੀਤੀ ਸੀ ਜਿਸ ਨੂੰ 13 ਮਈ, 2026 ਨੂੰ ਭਾਰਤੀ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਸੀ।

ਸੀ ਏ ਸੀ ਪੀ ਦੀ ਗਣਨ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ।

ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

ਕਮਿਸ਼ਨ ਨੇ 2024-25 ਨੂੰ ਖਤਮ ਹੋਏ ਤਿੰਨ ਸਾਲਾ ਦੀ ਮਿਆਦ ਦੌਰਾਨ ਪੈਦਾਵਾਰ ਲਾਗਤ ਅਤੇ ਸੰਯੋਜਤ ਲਾਗਤ ਮੁੱਲ ਸੂਚਕਾਂਕ ਨੂੰ ਦੇਖਦਿਆਂ ਹੋਇਆਂ 2026-27 ਸਾਉਣੀ ਲਈ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅੰਦਾਜ਼ਾ ਲਾਇਆ ਹੈ।

ਆਉਣ ਵਾਲੇ ਸਾਉਣੀ ਮੌਸਮ ਲਈ ਝੋਨੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 2,162 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ। ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,441 ਰੁਪਏ ਪ੍ਰਤੀ ਕੁੰਇੰਟਲ ਅਤੇ 2,461 ਰੁਪਏ ਪ੍ਰਤੀ ਕੁਇੰਟਲ ਹੈ। 2026-27 ਸਾਉਣੀ ਮੌਸਮ ਲਈ ਮੱਕੀ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 1,997 ਰੁਪਏ ਪ੍ਰਤੀ ਕੁਇੰਟਲ ਜਦਕਿ ਇਸਦਾ ਸਮਰਥਨ ਮੁੱਲ 2,410 ਰੁਪਏ ਪ੍ਰਤੀ ਕੁਇੰਟਲ ਹੈ।

ਮੋਟੇ ਅਨਾਜਾਂ ਵਿੱਚ, ਬਾਜਰੇ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 2,356 ਰੁਪਏ ਪ੍ਰਤੀ ਕੁਇੰਟਲ ਨਾਲ ਸਭ ਤੋਂ ਘੱਟ ਹੈ। ਇਸ ਤੋਂ ਬਾਅਦ ਜਵਾਰ ਅਤੇ ਰਾਗੀ ਦੀ ਪੈਦਾਵਾਰ ਲਾਗਤ ਕ੍ਰਮਵਾਰ 3,464 ਰੁਪਏ ਪ੍ਰਤੀ ਕੁਇੰਟਲ ਅਤੇ 4,308 ਰੁਪਏ ਪ੍ਰਤੀ ਕੁਇੰਟਲ ਹੈ।

ਬਾਜਰਾ, ਜਵਾਰ (ਮਾਲਦਾਂਡੀ), ਜਵਾਰ (ਹਾਇਬ੍ਰਿਡ) ਅਤੇ ਰਾਗੀ ਦਾ ਐਮ ਐਸ ਪੀ ਕ੍ਰਮਵਾਰ 2,900 ਰੁਪਏ ਪ੍ਰਤੀ ਕੁਇੰਟਲ, 4,023 ਰੁਪਏ ਪ੍ਰਤੀ ਕੁਇੰਟਲ, 4,073 ਰੁਪਏ ਪ੍ਰਤੀ ਕੁਇੰਟਲ ਅਤੇ 5,205 ਰੁਪਏ ਪ੍ਰਤੀ ਕੁਇੰਟਲ ਹੈ।

ਸਾਉਣੀ ਦੀਆਂ ਦਾਲਾਂ ਵਿੱਚ ਅਰਹਰ, ਮਾਂਹ ਅਤੇ ਮੂੰਗੀ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਕ੍ਰਮਵਾਰ 7,330 ਰੁਪਏ ਪ੍ਰਤੀ ਕੁਇੰਟਲ, 6,955 ਰੁਪਏ ਪ੍ਰਤੀ ਕੁਇੰਟਲ ਅਤੇ 7,091 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ। 2026-27 ਸਾਉਣੀ  ਮੌਸਮ ਲਈ ਅਰਹਰ, ਮਾਂਹ ਅਤੇ ਮੂੰਗੀ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 8,450 ਰੁਪਏ ਪ੍ਰਤੀ ਕੁਇੰਟਲ, 8,200 ਰੁਪਏ ਪ੍ਰਤੀ ਕੁਇੰਟਲ ਅਤੇ 8,780 ਰੁਪਏ ਪ੍ਰਤੀ ਕੁਇੰਟਲ ਹੈ।

ਸਾਉਣੀ 2026-27 ਲਈ ਤਿਲਹਣਾਂ ਵਿੱਚ ਮੂੰਗਫਲੀ, ਸੂਰਜਮੁਖੀ, ਸੋਇਆਬੀਨ, ਤਿਲ ਅਤੇ ਨਾਈਜਰਸੀਡ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਕ੍ਰਮਵਾਰ 6,255 ਰੁਪਏ ਪ੍ਰਤੀ ਕੁਇੰਟਲ, 6,807 ਰੁਪਏ ਪ੍ਰਤੀ ਕੁਇੰਟਲ, 4,879 ਰੁਪਏ ਪ੍ਰਤੀ ਕੁਇੰਟਲ, 9,075 ਰੁਪਏ ਪ੍ਰਤੀ ਕੁਇੰਟਲ ਅਤੇ 8,274 ਰੁਪਏ ਪ੍ਰਤੀ ਕੁਇੰਟਲ ਲਾਈ ਗਈ ਹੈ।

ਮੂੰਗਫਲੀ, ਸੂਰਜਮੁਖੀ, ਸੋਇਆਬੀਨ, ਤਿਲ ਅਤੇ ਨਾਈਜਰਸੀਡ ਦਾ ਸਮਰਥਨ ਮੁੱਲ ਕ੍ਰਮਵਾਰ 7,517 ਰੁਪਏ ਪ੍ਰਤੀ ਕੁਇੰਟਲ, 8,343 ਰੁਪਏ ਪ੍ਰਤੀ ਕੁਇੰਟਲ, 5,708 ਰੁਪਏ ਪ੍ਰਤੀ ਕੁਇੰਟਲ, 10,346 ਰੁਪਏ ਪ੍ਰਤੀ ਕੁਇੰਟਲ ਹੈ ਅਤੇ 10,052 ਰੁਪਏ ਪ੍ਰਤੀ ਕੁਇੰਟਲ ਹੈ।

ਸੀ ਏ ਸੀ ਪੀ ਦੀ ਹਿਸਾਬ ਨਾਲ 2026-27 ਸਾਉਣੀ ਮੌਸਮ ਲਈ ਕਪਾਹ ਦੀ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ 7,083 ਰੁਪਏ ਪ੍ਰਤੀ ਕੁਇੰਟਲ ਹੈ। ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਕ੍ਰਮਵਾਰ 8,267 ਰੁਪਏ ਪ੍ਰਤੀ ਕੁਇੰਟਲ ਅਤੇ 8,667 ਰੁਪਏ ਪ੍ਰਤੀ ਕੁਇੰਟਲ ਹੈ।

**ਸਾਉਣੀ ਦੀਆਂ ਫ਼ਸਲਾਂ ਦੀ ਕੁੱਲ ਭਾਰਤ ਅੰਦਾਜ਼ਨ ਪੈਦਾਵਾਰ ਲਾਗਤ ਅਤੇ 2026-27 ਸਾਉਣੀ ਮੰਡੀਕਰਨ ਮੌਸਮ ਦੇ ਲਈ ਐਮ ਐਸ ਪੀ**

| ਫ਼ਸਲ | ਅੰਦਾਜ਼ਨ ਪੈਦਾਵਾਰ (ਕੁਇੰਟਲ ਪ੍ਰਤੀ ਹੈਕਟੇਅਰ) | 2026-27 ਸਾਉਣੀ ਮੰਡੀਕਰਨ ਮੌਸਮ ਦੌਰਾਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ) | | 2026-27 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ) | |
|---|---|---|---|---|---|
| | | *ਏ2 | **ਏ2+ਐਫਐਲ | #ਸੀ2 | |
| ਝੋਨਾ (ਆਮ) | 45.16 | 1,288 | 1,627 | 2,162 | 2,441 |
| ਝੋਨਾ (ਗ੍ਰੇਡ ਏ) | | | | | 2,461 |
| ਜਵਾਰ (ਹਾਇਬ੍ਰਿਡ) | 13.88 | 2,027 | 2,682 | 3,464 | 4,023 |
| ਜਵਾਰ (ਮਾਲਦਾਂਡੀ) | | | | | 4,073 |
| ਬਾਜਰਾ | 16.12 | 1,153 | 1,858 | 2,356 | 2,900 |
| ਰਾਗੀ | 14.68 | 2,536 | 3,470 | 4,308 | 5,205 |
| ਮੱਕੀ | 39.68 | 1,217 | 1,544 | 1,997 | 2,410 |
| ਤੂਰ (ਅਰਹਰ) | 10.49 | 4,267 | 5,496 | 7,330 | 8,450 |
| ਮੂੰਗ | 5.47 | 3,780 | 5,438 | 7,091 | 8,780 |
| ਉੜਦ (ਮਾਂਹ) | 6.72 | 4,045 | 5,418 | 6,955 | 8,200 |
| ਮੂੰਗਫਲੀ | 18.6 | 4,192 | 5,011 | 6,225 | 7,517 |
| ਸੂਰਜਮੁਖੀ | 8.29 | 4,771 | 5,562 | 6,807 | 8,343 |
| ਸੋਇਆਬੀਨ | 13.63 | 3,303 | 3,805 | 4,879 | 5,708 |
| ਤਿਲ | 5.68 | 4,291 | 6,897 | 9,075 | 10,346 |
| ਨਾਈਜਰਸੀਡ | 4.17 | 1,905 | 6,701 | 8,274 | 10,052 |
| ਕਪਾਹ (ਦਰਮਿਆਨਾ ਰੇਸ਼ਾ) | 15.99 | 4,443 | 5,511 | 7,083 | 8,267 |
| ਕਪਾਹ (ਲੰਮਾ ਰੇਸ਼ਾ) | | | | | 8,667 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}]